नामांक Roll No.

Sl.No. :

| | | | | | | |
|---|---|---|---|---|---|---|
| | | | | | | |

Total No. of Questions -12

Total No. of Printed Pages - 7

SS-25-Punjabi Sah. (Supp.)

Tear here

# उच्च माध्यमिक पूरक परीक्षा, 2018

# SENIOR SECONDARY SUPPLEMENTARY EXAMINATION, 2018

# PUNJABI SAHITYA

**Time : 3 1/4 Hours**
**Maximum Marks : 80**

## ਪ੍ਰੀਖਿਆਰਥੀਆਂ ਲਈ ਆਮ ਹਦਾਇਤਾਂ :

1. ਸਭ ਤੋਂ ਪਹਿਲਾਂ ਪ੍ਰੀਖਿਆਰਥੀ ਆਪਣੇ ਪ੍ਰਸ਼ਨ-ਪੱਤਰ 'ਤੇ ਆਪਣਾ ਰੋਲ ਨੰਬਰ ਜ਼ਰੂਰ ਲਿਖੋ

2. ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।

3. ਹਰ ਇੱਕ ਪ੍ਰਸ਼ਨ ਦਾ ਉੱਤਰ ਦਿੱਤੀ ਉੱਤਰ-ਪੁਸਤਿਕਾ 'ਤੇ ਹੀ ਲਿਖੋ ।

4. ਜਿਨ੍ਹਾਂ ਪ੍ਰਸ਼ਨਾਂ ਦੇ ਇੱਕ ਤੋਂ ਵੱਧ ਸਾਮਾਨ ਅੰਗ ਵਾਲੇ ਭਾਗ ਹਨ, ਉਨ੍ਹਾਂ ਸਾਰਿਆਂ ਭਾਗਾਂ ਦਾ ਹੱਲ ਇਕ ਥਾਂ 'ਤੇ ਇੱਕ ਹੀ ਤਰਤੀਬ ਵਿੱਚ ਲਿਖੋ ।

प्रश्न पत्र को खोलने के लिए यहाँ फाड़ें
TEAR HERE TO OPEN THE QUESTION PAPER

यहाँ से काटिए



Downloaded from www.cclchapter.com

1. ਸ਼ਖ਼ਸੀਅਤ ਦਾ ਮੁੱਖ ਚਿੰਨ੍ਹ ਪ੍ਰਸੰਨਤਾ ਹੈ । ਜਿਸਦੇ ਅੰਦਰ ਪ੍ਰਸੰਨਤਾ ਹੋਵੇਗੀ, ਉਹੀ ਕਿਸੇ ਦੂਜੇ ਨੂੰ ਪ੍ਰਸੰਨ ਕਰ ਸਕਦਾ ਹੈ । ਪ੍ਰਸੰਨਤਾ ਇਸੇ ਲਈ ਸ਼ੁੱਭ ਸ਼ਗਨ ਸਮਝਿਆ ਜਾਂਦਾ ਹੈ ਕਿਉਂਕਿ ਜਿਸ ਹਿਰਦੇ ਵਿੱਚ ਪ੍ਰਸੰਨਤਾ ਹੈ, ਉੱਥੇ ਮਾੜਾ ਨਹੀਂ ਹੋ ਸਕਦਾ । ਮਾੜਾ ਬੜੀ ਕੁਸ਼ਗਨ ਅਵਸਥਾ ਹੈ । ਮਾੜਾ ਆਪਣੇ ਆਪ ਵਿੱਚ ਭਰੋਸਾ ਨਹੀਂ ਰੱਖਦਾ, ਦਲੇਰ ਨਹੀਂ ਹੁੰਦਾ, ਹਿੰਮਤ ਤੋਂ ਕਤਰਾਉਂਦਾ ਹੈ । ਇਹੀ ਨਿਸ਼ਾਨੀਆਂ ਹੀਣਤਾ ਦੀਆਂ ਹਨ । ਇਸੇ ਲਈ ਜਿੱਥੇ ਮਾੜਾ ਹੁੰਦਾ ਹੈ, ਉੱਥੇ ਕ੍ਰੋਧ ਵੀ ਹੁੰਦਾ ਹੈ ਤੇ ਜਿੱਥੇ ਇਹ ਦੋਵੇਂ ਹੋਣ, ਉੱਥੇ ਫਿਰ ਕੋਈ ਭਲੀ ਗੱਲ ਨਹੀਂ ਹੋ ਸਕਦੀ । ਇਹ ਦੋਵੇਂ ਸ਼ਖ਼ਸੀਅਤ ਦੇ ਵਿਰੋਸ਼ੀ ਹਨ । ਸ਼ਖ਼ਸੀਅਤ ਦੇ ਮਾਲਕ ਨੂੰ ਬੜੇ ਯਤਨਾਂ ਨਾਲ ਇਨ੍ਹਾਂ ਤੋਂ ਖ਼ਬਰਦਾਰ ਰਹਿਣਾ ਚਾਹੀਦਾ ਹੈ । ਇਹ ਢੇਰ ਚਿਰ ਤੱਕ ਵਲ-ਵਲਾ ਦੇ ਆਉਂਦੇ ਰਹਿਣਗੇ ਪਰ ਜਦ ਤੱਕ ਅਸੀ ਇਨ੍ਹਾਂ ਦੀ ਸੁਹਬਤ ਤੋਂ ਸ਼ਰਮਾਉਂਦੇ ਰਹਾਂਗੇ, ਇਹ ਸਾਡੇ ਉੱਤੇ ਕਾਬੂ ਨਹੀ ਪਾ ਸਕਦੇ । ਜਦੋਂ ਵੀ ਇਹ ਆ ਜਾਣ, ਅਪਣੇ - ਆਪ ਕੋਲੋਂ ਸ਼ਰਮ ਖਾਓ । ਜਿਹੜਾ ਉੱਚੀ ਸ਼ਖ਼ਸੀਅਤ ਦਾ ਆਦਰਸ਼ ਤੁਸਾਂ ਸਾਹਮਣੇ ਰੱਖਿਆ ਹੋਇਆ ਹੈ, ਉਹਦਾ ਚੇਤਾ ਕਰਕੇ ਕ੍ਰੋਧ ਦੂਰ ਕਰ ਲਿਆ ਕਰੋ । ਹੌਲੀ ਹੌਲੀ ਅਵਸਥਾ ਬਦਲਦੀ ਜਾਵੇਗੀ ਤੇ ਇਕ ਦਿਨ ਅਜਿਹਾ ਆ ਜਾਵੇਗਾ ਜਦੋਂ ਕਿਸੇ ਦੀ ਸਫ਼ਲਤਾ ਤੁਹਾਨੂੰ ਪੀੜਿਤ ਨਹੀ ਕਰੇਗੀ, ਨਾ ਕਿਸੇ ਉੱਤੇ ਕ੍ਰੋਧ ਆਵੇਗਾ ।

(ੳ) ਉਪਰੋਕਤ ਪੈਰ੍ਹੇ ਦਾ ਢੁੱਕਵਾਂ ਸਿਰਲੇਖ ਲਿਖੋ । [2]

(ਅ) ਮਨੁੱਖੀ ਸ਼ਖ਼ਸੀਅਤ ਦਾ ਕਿਹੜਾ ਗੁਣ ਦੂਜੇ ਨੂੰ ਪ੍ਰਸੰਨ ਕਰ ਸਕਦਾ ਹੈ ? [2]

(ੲ) ਮਨੁੱਖੀ ਸੁਭਾਅ ਦਾ ਕਿਹੜਾ ਪੱਖ ਹੀਣਤਾ ਦੀਆਂ ਨਿਸ਼ਾਨੀਆਂ ਉਤਪੰਨ ਕਰਦਾ ਹੈ ?[2]

(ਸ) ਉੱਚੀ ਸ਼ਖ਼ਸੀਅਤ ਦਾ ਆਦਰਸ਼ ਸਾਹਮਣੇ ਰੱਖਣ ਵਾਲੇ ਮਨੁੱਖ ਨੂੰ ਕਿਹੜੀਆਂ ਗੱਲਾਂ ਤੋਂ ਬਚਣਾ ਚਾਹੀਦਾ ਹੈ ? [2]

(ਹ) ਪੈਰ੍ਹੇ ਵਿੱਚ ਆਏ ਹੇਠ ਲਿਖੇ ਸ਼ਬਦਾਂ ਦੇ ਅਰਥ ਲਿਖੋ ਹਿਰਦੇ, ਕੁਸ਼ਗਨ, ਮਾੜਾ, ਭਰੋਸਾ।[2]



Downloaded from www.cclchapter.com

2. ਹੇਠ ਲਿਖੇ ਵਿੱਚੋਂ ਕਿਸੇ ਇੱਕ ਕਵੀ ਦੇ ਜੀਵਨ ਅਤੇ ਰਚਨਾਵਾਂ ਉੱਤੇ ਨਿਬੰਧ ਲਿਖੋ : [8]

(ੳ) ਭਾਈ ਵੀਰ ਸਿੰਘ

(ਅ) ਸੁਰਜੀਤ ਪਾਤਰ

(ੲ) ਗੁਰਭਜਨ ਗਿੱਲ

(ਸ) ਪ੍ਰੋ: ਮੋਹਨ ਸਿੰਘ

3. ਕਿਸੇ ਇੱਕ ਵਿਸ਼ੇ ਉੱਪਰ ਕਹਾਣੀ-ਰਚਨਾ ਕਰੋ : [4]

(ੳ) ਏਕ 'ਚ ਬਰਕਤ ਹੈ ।

(ਅ) ਸਹਿਜ ਪਕੇ ਸੋ ਮੀਠਾ ਹੋਇ ।

(ੲ) ਹੰਕਾਰਿਆ ਸੋ ਮਾਰਿਆ ।

(ਸ) ਮਿਹਨਤ ਦਾ ਫਲ

4. ਕਿਸੇ ਇੱਕ ਸਾਹਿਤ ਰੂਪ ਦੇ ਅਰਥ, ਪਰਿਭਾਸ਼ਾ ਅਤੇ ਤੱਤਾਂ ਉੱਪਰ ਸੰਖੇਪ ਨੋਟ ਲਿਖੋ। [6]

(ੳ) ਕਵਿਤਾ

(ਅ) ਗ਼ਜ਼ਲ

(ੲ) ਨਿੱਕੀ ਕਹਾਣੀ



Downloaded from www.cclchapter.com

5. ਸ਼ਿੰਗਾਰ ਜਾਂ ਸ਼ਾਂਤਰਮ ਦਾ ਸਥਾਈ ਭਾਵ ਲਿਖ ਕੇ ਉਦਾਹਰਨ ਲਿਖੋ । [2]

6. (ੳ) ਕਿਸੇ ਦੋ ਮੁਹਾਵਰਿਆਂ ਦਾ ਅਰਥ ਦੱਸ ਕੇ ਵਾਕ ਬਣਾਓ :- [2]

i) ਘਿਓ ਦੇ ਦੀਵੇ ਬਾਲਣੇ ।

ii) ਚਾਂਦੀ ਦੀ ਜੁੱਤੀ ਮਾਰਨੀ ।

iii) ਖੰਡ-ਖੀਰ ਹੋਣਾ।

iv) ਹੱਡ ਭੰਨਣੇ ।

(ਅ) ਕਿਸੇ ਦੋ ਅਖਾਣਾਂ ਦਾ ਅਰਥ ਦੱਸ ਕੇ ਵਾਕ ਬਣਾਓ :- [2]

i) ਕੋਹ ਨਾ ਚੱਲੀ, ਬਾਬਾ ਤਿਹਾਈ ।

ii) ਠੰਢੇ ਦੁੱਧ ਨੂੰ ਫੂਕਾਂ ਮਾਰਨਾ ।

iii) ਫੂਹੀ-ਫੂਹੀ ਤਲਾਅ ਭਰ ਜਾਂਦਾ ਹੈ ।

iv) ਮੁਦੱਈ ਮੁਸਤ, ਗਵਾਹ ਚੁਸਤ ।

(ੲ) ਵਿਸ਼ਰਾਮ ਚਿੰਨ੍ਹ ਲਾ ਕੇ ਲਿਖੋ :- [3]

ਜ਼ਮੀਨ ਦਾ ਵੀ ਕਾਹਦਾ ਝਗੜਾ ਸੀ ਪੁੱਤ ਐਵੇਂ ਚਹੁੰ ਪੰਜਾਂ ਮਿਆੜਾਂ ਦਾ ਝਗੜਾ ਸੀ। ਇੱਕ ਧਿਰ ਕਹਿੰਦੀ ਸੀ ਸਾਡੀ ਵੱਟ ਤੁਸੀਂ ਧੱਕ ਦੇ ਅੰਦਰ ਕਰ ਦਿੱਤੀ ਐ ਤੇ ਸਾਡੇ ਪੰਜ ਮਿਆੜ ਦੱਬ ਲਏ ਨੇ । ਤੇ ਦੂਜੀ ਧਿਰ ਰਿਹ ਮੰਨਦੀ ਨਹੀ ਸੀ ।



Downloaded from www.cclchapter.com

7. **ਵਾਕ ਬੋਧ :-**

i) ਸਿਮਰਨ ਹਾਦੀ ਖੇਡਦਾ ਹੈ । ( ਕਰਮ ਦੱਸੋ ) **[1]**

ii) ਗੁਰਪ੍ਰੀਤ ਨੇ ਲਾਲ ਪੱਗ ਬੰਨ੍ਹੀ ਹੈ । ( ਵਿਸ਼ੇਸ਼ਣ ਦੱਸੋ ) **[1]**

iii) ਜਿਹੜੇ ਵਿਦਿਆਰਥੀ ਮਿਹਨਤ ਕਰਦੇ ਹਨ ਉਹਨਾਂ ਨੂੰ ਹਮੇਸ਼ਾ ਸਫਲਤਾ ਮਿਲਦੀ ਹੈ । (ਵਾਕ ਦੀ ਕਿਸਮ ਦੱਸੋ ) **[1]**

iv) ਉਹ ਗੁਰਦੁਆਰੇ ਗਿਆ ਤੇ ਉੱਥੇ ਉਸ ਨੇ ਸੇਵਾ ਕੀਤੀ । (ਵਾਕ ਦੀ ਕਿਸਮ ਦੱਸੋ) **[1]**

v) ਮੈਂ ਕੱਲ੍ਹ ਸ਼ਹਿਰ ਜਾਵਾਂਗਾਂ । (ਵਾਕ ਵਿੱਚੋਂ ਉਦੇਸ਼ ਚੁਣੋ) **[1]**

vi) ਬੱਚਾ ਸੁੱਤਾ ਪਿਆ ਹੈ । (ਵਾਕ ਦਾ ਵਿਧੇਆ ਲਿਖੋ) **[1]**

8. **ਹੇਠ ਲਿਖੇ ਕਾਵਿ-ਬੰਦਾਂ ਵਿਚੋਂ ਕਿਸੇ ਇੱਕ ਨਾਲ ਸੰਬੰਧਿਤ ਪ੍ਰਸ਼ਨਾ ਦੇ ਉੱਤਰ ਦਿਓ :-** **[4 × 2½ = 10]**

(ੳ) ਦੁਨੀਆਂ ਵੱਸੇ ਰੰਗ ਵਿੱਚ, ਤੂੰ ਕਿਓ ਰਹੋ ਕੰਗਾਲ,

ਬਰਕਤ ਕਿੱਧਰ ਉੱਡਦੀ, ਇਸ ਦੀ ਕਰ ਪੜਤਾਲ ।

ਅਮਰੀਕਾ ਵਿੱਚ ਜੱਟ ਹੀ, ਹੋ ਰਹੇ ਮਾਲਾ ਮਾਲ,

ਸੁਣ ਲੈ ! ਤੇਰੇ ਢਿੰਡ'ਚੋ ਕਿਉਂ ਨਾ ਨਿਕਲੇ ਕਾਲ ।

i) ਉਪਰੋਕਤ ਕਾਵਿ-ਬੰਦ ਦਾ ਪ੍ਰਸੰਗ ਲਿਖੋ ।

ii) ਉਪਰੋਕਤ ਕਾਵਿ-ਬੰਦ ਦੀ ਸਰਲ ਵਿਆਖਿਆ ਲਿਖੋ ।

iii) ਕਾਵਿ-ਬੰਦ ਅਨੁਸਾਰ ਕਿਰਸਾਨ ਦੀ ਹਾਲਤ ਕਿਹੋ ਜਿਹੀ ਦੱਸ ਗਈ ਹੈ ?

iv) ਕਵੀ ਕਿਰਸਾਨ ਨੂੰ ਕਿਹੜੀ ਪੜਤਾਲ ਕਰਨ ਦੀ ਪ੍ਰੇਰਨਾ ਦਿੰਦਾ ਹੈ ?



Downloaded from www.cclchapter.com

(ਅ) ਭੁੱਖ ਹੀ ਲੜਦੀ ਹੈ,

ਸਰਹੱਦਾਂ ਦੇ ਉੱਤੇ ਭੁੱਖ ਨਾਲ ।

ਸਾਡੇ ਅਸਟੋਰਾਂ ਦੇ ਵਿੱਚ,

ਬਾਰੂਦ ਦੇ ਹੀ ਨਾਲ ਨਾਲ ਭਰ ਰਹੇ,

ਚਾਲਾਕ ਸੌਦਾਗਰ ਬਦੇਸ਼ੀ,

ਆਪਣੀ ਮੰਡੀ ਦਾ ਮਾਲ ।

i) ਉਪਰੋਕਤ ਕਾਵਿ-ਬੰਦ ਦਾ ਪ੍ਰਸੰਗ ਲਿਖੋ ।

ii) ਉਪਰੋਕਤ ਕਾਵਿ-ਬੰਦ ਦੀ ਸਰਲ ਵਿਆਖਿਆ ਕਰੋ ।

iii) ਕਵੀ ਅਨੁਸਾਰ ਸਰਹੱਦ ਤੇ ਕਿਹੋ ਜਿਹੇ ਲੋਕ ਲਵ ਰਹੇ ਹਨ ?

iv) ਚਾਲਾਕ ਬਦੇਸ਼ੀ ਸੌਦਾਗਰ ਕੀ ਕਰ ਰਹੇ ਹਨ ?

**9. 'ਮੀਰੀ ਤੇ ਜੱਟ ਦੀ ਮਾਂਝੀ ਵਿਖਿਆ ਦੇ ਨਾਂ' ਗੀਤ ਦਾ ਸਾਰ ਅਤੇ ਕੇਂਦਰੀ ਭਾਵ ਵੀ ਲਿਖੋ। [6 + 4 = 10]**

**ਜਾਂ**

**'ਅਰਸ਼ੀ ਦੀਵਾਲੀ' ਕਵਿਤਾ ਦੇ ਵਿਸ਼ਾ - ਵਸਤੂ'ਤੇ ਚਾਨਣਾ ਪਾਓ ਅਤੇ ਕੇਂਦਰੀ ਭਾਵ ਵੀ ਲਿਖੋ ।**

**10. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਪੰਜ ਪ੍ਰਸ਼ਨਾਂ ਦੇ ਉੱਤਰ ਲਿਖੋ :- [5 × 1 = 5]**

(ੳ) ਕਰਮ ਸਿੰਘ ਗੁਰਬੰਦੇ ਸਰਪੰਚ ਦਾ ਕਤਲ ਕਿਉਂ ਕਰਦਾ ਹੈ ?

(ਅ) ਘੁੱਦੂ ਗੁੱਸੇ ਵਿੱਚ ਤੰਗ ਆ ਕੇ ਫੁੱਲ ਪਾਉਣ ਬਾਰੇ ਕੀ ਫ਼ੈਸਲਾ ਮੁਣਾਉਂਦਾ ਹੈ ?

(ੲ) ਮਦਨ ਨਾਲ ਵਸਤੇ ਵਿੱਚ ਕੀ ਵਾਪਰਦਾ ਹੈ ?

(ਸ) ਕੁੰਢੇ ਦੀ ਖੂੰਡੀ ਅਤੇ ਘੜੀ ਦੀ ਕੀ ਵਿਸ਼ੇਸ਼ਤਾ ਸੀ ?

(ਹ) "ਤੂੰ ਮੈਨੂੰ ਜਾਣਨੈ ?" ਵਾਕ ਕਹਾਣੀ ਵਿੱਚ ਕਿਸ ਪ੍ਰਸੰਗ ਵਿੱਚ ਵਰਤਿਆ ਗਿਆ ਹੈ ?



Downloaded from www.cclchapter.com

(ਕ) 'ਪੰਜ ਡਾਲਰ ਦਾ ਨੋਟ' ਕਹਾਣੀ ਦੇ ਲੇਖਕ ਦਾ ਨਾਂ ਦੱਸੋ ।

(ਖ) ਚਰਨਜੀਤ ਆਪਣੀ ਚਾਚੀ ਨੂੰ ਪਰਵਾਸ ਕਿਵੇਂ ਧਰਾਉਂਦਾ ਹੈ ?
ਕਹਾਣੀ 'ਸ਼ਹੀਦ ਦੀ ਮਾਂ' ਦੇ ਆਧਾਰ ਤੇ ਸਪੱਸ਼ਟ ਕਰੋ ।

(ਗ) ਗੇਜੂ ਕਿਹੜੀ-ਕਿਹੜੀ ਗੁੱਡ ਡੀਅਲ ਕਰਦਾ ਹੈ ?

**11.** ਆਤੂ ਖੋਜੀ ਦਾ ਪਾਤਰ - ਚਿਤਰਨ ਕਰੋ । **[5]**

ਜਾਂ

'ਕੋਈ ਇੱਕ ਸਵਾਰ' ਕਹਾਣੀ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ ।

**12.** ਹੇਠ ਲਿਖੇ ਸਾਹਿਤ ਰੂਪਾਂ ਵਿੱਚੋਂ ਕਿਸੇ ਇੱਕ ਦਾ ਸੰਖੇਪ ਇਤਿਹਾਸ ਲਿਖੋ :- **[7]**

(ੳ) ਨਿੱਕੀ ਕਾਹਾਣੀ

(ਅ) ਕਵਿਤਾ

(ੲ) ਸਫ਼ਰਨਾਮਾ

● ● ●



Downloaded from www.cclchapter.com

DO NOT WRITE ANYTHING HERE

Downloaded from www.cclchapter.com